# ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ

## ਦਾਖਲਾ ਨੋਟਿਸ

ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਨਿਮਨ ਲਿਖਤ ਪੈਰਾ ਮੈਡੀਕਲ ਦੇ ਸਰਟੀਫਿਕੇਟ ਕੋਰਸ ਸ਼ੁਰੂ ਚਲ ਰਹੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਕੋਰਸ ਦਾ ਨਾਮ | ਕੋਰਸ ਦੀ ਮਿਆਦ | ਕੁੱਲ ਸੀਟਾਂ |
|---|---|---|---|
| 1 | Home Based Health Care Attendant | 6 ਮਹੀਨੇ | 20 ਸੀਟਾਂ |
| 2 | Emergency cum Ambulance Attendant | 1 ਸਾਲ | 20 ਸੀਟਾਂ |
| 3 | Hospital Care Attendant | 1 ਸਾਲ | 20 ਸੀਟਾਂ |
| 4 | Operation Theatre Attendant | 1 ਸਾਲ | 20 ਸੀਟਾਂ |

ਇਸ ਦਾਖਲਾ ਨੋਟਿਸ ਰਾਹੀਂ ਇਨ੍ਹਾਂ ਪੈਰਾ ਮੈਡੀਕਲ ਦੇ ਸਰਟੀਫਿਕੇਟ ਕੋਰਸਾਂ ਲਈ ਯੋਗ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ, ਉਮੀਦਵਾਰਾਂ ਦੀ ਵਿਦਿਅਕ ਯੋਗਤਾ/ਉਮਰ ਅਤੇ ਹੋਰ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ -

**<u>ਵਿਦਿਅਕ ਯੋਗਤਾ-</u>**

ਉਪਰੋਕਤ ਕੋਰਸਾਂ ਦੀ ਵਿਦਿਅਕ ਯੋਗਤਾ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਪਾਸੋਂ ਦਸਵੀਂ ਪਾਸ ਹੋਣੀ ਚਾਹੀਦੀ ਹੈ।ਉਮੀਦਵਾਰ ਵਲੋਂ ਦਸਵੀਂ ਦੀ ਪ੍ਰੀਖਿਆ ਸਾਇੰਸ ਵਿਸ਼ੇ ਨਾਲ ਪਾਸ ਕੀਤੀ ਹੋਈ ਲਾਜਮੀ ਹੈ। ਬਿਨਾਂ ਸਾਇੰਸ ਦੇ ਦਸਵੀਂ ਪਾਸ ਉਮੀਦਵਾਰਾਂ ਨੂੰ ਇਹਨਾਂ ਕੋਰਸਾਂ ਲਈ ਯੋਗ ਨਹੀਂ ਮੰਨਿਆ ਜਾਵੇਗਾ।

**<u>ਉਮਰ ਸੀਮਾ-</u>**

ਉਮੀਦਵਾਰ ਦੀ ਮਿਤੀ 31.12.2021 ਤੱਕ ਘੱਟੋ ਘੱਟ ਉਮਰ 17 ਸਾਲ ਹੋਣੀ ਚਾਹੀਦੀ ਹੈ।

**<u>ਫਾਰਮ ਜਮਾਂ ਕਰਵਾਉਣ ਦੀ ਅੰਤਿਮ ਮਿਤੀ ਅਤੇ ਅਪਲਾਈ ਕਰਨ ਦੀ ਫੀਸ</u>**

ਉਮੀਦਵਾਰਾਂ ਵਲੋਂ ਉਕਤ ਕੋਰਸ ਲਈ ਮਿਤੀ ੨੧-੧੦-੨੨ ਤੋਂ ੧੧-੧੧-੨੨ ਤੱਕ (ਸ਼ਾਮ 5.00 ਵਜੇ ਤੱਕ) ਕਿਸੇ ਵੀ ਦਫਤਰੀ ਕੰਮ ਵਾਲੇ ਦਿਨ ਨਿਮਨ ਹਸਤਾਖਰ ਦੇ ਦਫਤਰ ਵਿਖੇ ਫਾਰਮ ਜਮਾਂ ਕਰਵਾਇਆ ਜਾ ਸਕਦਾ ਹੈ। ਰਜਿਸਟਰਡ ਪੋਸਟ ਰਾਹੀਂ ਨਿਰਧਾਰਤ ਕੀਤੀ ਗਈ ਮਿਤੀ ੧੧-੧੧-੨੦੨੨ ਉਪਰੰਤ ਪ੍ਰਾਪਤ ਫਾਰਮਾ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਜਨਰਲ ਕੈਟਾਗਿਰੀ ਨਾਲ ਸਬੰਧਤ ਉਮੀਦਵਾਰਾਂ ਵਲੋਂ ਅਪਲਾਈ ਕਰਨ ਤੇ 200/- ਰੁਪਏ ਅਤੇ ਐਸ.ਸੀ./ਬੀ.ਸੀ. ਕੈਟਾਗਿਰੀ ਨਾਲ ਸਬੰਧਤ ਉਮੀਦਵਾਰਾਂ ਵਲੋਂ 100/- ਰੁਪਏ ਦਾ ਬੈਂਕ ਡਰਾਫਟ ਜੋ ਕਿ ਮੈਡੀਕਲ ਸੁਪਰਡੈਂਟ, ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਨਾਮ ਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ।

**<u>ਦਾਖਲਾ ਫੀਸ-</u>**

ਹਰ ਇੱਕ ਕੋਰਸ ਦੀ 10,000/- ਰੁਪਏ ਦਾਖਲਾ ਫੀਸ ਹੋਵੇਗੀ, ਜੋ ਕਿ ਕਿਸੇ ਵੀ ਸੂਰਤ ਵਿੱਚ ਨਾ-ਮੋੜਨਯੋਗ ਹੈ।

**<u>ਕੌਂਸਲਿੰਗ ਅਟੈਂਡ ਕਰਨ ਦੀ ਮਿਤੀ ਅਤੇ ਸਮਾਂ</u>**

ਅਪਲਾਈ ਕਰਨ ਵਾਲੇ ਉਮੀਦਵਾਰਾਂ ਵਲੋਂ ਮਿਤੀ ੧੭-੧੧-੨੨ ਨੂੰ ਸਵੇਰੇ 10.00 ਵਜੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਕਾਉਂਸਲਿੰਗ ਅਟੈਂਡ ਕੀਤੀ ਜਾਵੇਗੀ ਇਹ ਕਾਉਂਸਲਿੰਗ ਅਟੈਂਡ ਕਰਨ ਤੇ ਕਿਸੇ ਵੀ ਉਮੀਦਵਾਰ ਨੂੰ ਕਿਸੇ ਵੀ ਤਰਾਂ ਦਾ ਟੀ.ਏ/ਡੀ.ਏ ਅਦਾ ਨਹੀਂ ਕੀਤਾ ਜਾਵੇਗਾ।

ਮੈਡੀਕਲ ਸੁਪਰਡੈਂਟ
ਰਾਜਿੰਦਰਾ ਹਸਪਤਾਲ, ਪਟਿਆਲਾ